ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 98772-46588, +1 (418) 887-0162

Epaper World Punjabi Times | 04 ਜਨਵਰੀ 2023 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਨੇਤਰਹੀਣ ਵਿਦਿਆਰਥੀਆਂ ਨੇ ਲੂਈ ਬਰੇਲ ਨੂੰ 215ਵੀਂ ਜਯੰਤੀ ‘ਤੇ ਯਾਦ ਕੀਤਾ

ਵਰਲਡ ਪੰਜਾਬੀ ਟਾਈਮਜ਼



ਫਿਰੋਜ਼ਪੁਰ, 4 ਜਨਵਰੀ : ਨੇਤਰਹੀਣ ਵਿਦਿਆਰਥੀਆਂ ਨੇ ਅੱਜ ਲੂਈ ਬਰੇਲ ਦਾ 215ਵਾਂ ਜਨਮ ਦਿਨ ਮਨਾਇਆ – (4 ਜਨਵਰੀ,) 1809 – 6 ਜਨਵਰੀ, 1852) – ਇਹ ਸਮਾਗਮ “ਹੋਮ ਫਾਰ ਦਿ ਬਲਾਇੰਡ “- ਇੱਕ ਸੰਸਥਾ ਜੋ ਵਿਸ਼ੇਸ਼ ਤੌਰ ‘ਤੇ ਅੰਗਹੀਣਾਂ ਦੀ ਭਲਾਈ ਲਈ ਜ਼ਿਲ੍ਹਾ ਪ੍ਰੀਸ਼ਦ ਦੇ ਬੈਨਰ ਹੇਠ ਨੇਤਰਹੀਣਾਂ ਦੀ ਦੇਖਭਾਲ ਲਈ ਕੰਮ ਕਰਦੀ ਹੈ ਦੁਆਰਾ ਕੀਤਾ ਗਿਆ।

ਰਮੇਸ਼ ਸੇਠੀ, ਮੈਨੇਜਰ ਅਵਤਾਰ ਸਿੰਘ, (ਸੇਵਾਮੁਕਤ ਟੀ.ਓ.) ਸੁਪਰਵਾਈਜ਼ਰ, ਪੂਰਨ ਲੇਖਾਕਾਰ, ਹੋਮ ਫਾਰ ਦਾ ਬਲਾਇੰਡ ਯੂਨਿਟ ਵੀ ਇਸ ਮੌਕੇ ਹਾਜ਼ਰ ਸਨ, ਜਿਨ੍ਹਾਂ ਨੇ ਕੈਦੀਆਂ, ਸਟਾਫ਼ ਅਤੇ ਪ੍ਰਬੰਧਕੀ ਮੈਂਬਰਾਂ ਸਮੇਤ ਲੂਈ ਬਰੇਲ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ, ਉਪਰੰਤ ਵੰਡੀਆਂ ਗਈਆਂ|

ਇਸ ਸ਼ੁਭ ਸਮਾਗਮ ‘ਤੇ ਸੁਖਪਾਲ ਸਿੰਘ ਨੇ ਨੇਤਰਹੀਣਾਂ ਲਈ ਭਾਸ਼ਾ ਦੇ ਖੋਜੀ ਲੁਈਸ ਬ੍ਰੇਲ ਨੂੰ ਯਾਦ ਕਰਦੇ ਹੋਏ ਸਤਿਕਾਰ ਵਜੋਂ ਬਰੇਲ ਭਾਸ਼ਾ ‘ਚੋਂ ਲੁਈਸ ਬ੍ਰੇਲ ਦਾ ਜੀਵਨ ਚਿੱਤਰ ਪੜ੍ਹ ਕੇ ਸੁਣਾਇਆ ਅਤੇ ਸਮੂਹ ਨੇਤਰਹੀਣਾਂ ਨੂੰ ਇਹ ਭਾਸ਼ਾ ਸਿੱਖਣ ਦੀ ਅਪੀਲ ਕੀਤੀ, ਜਿਸ ਨਾਲ ਉਨ੍ਹਾਂ ਨੂੰ ਬਿਹਤਰ ਬਣਾਉਣ ‘ਚ ਮਦਦ ਮਿਲੇਗੀ | ਉਨ੍ਹਾਂ ਦੀ ਯੋਗਤਾ ਅਤੇ ਸੰਸਥਾ ਵਿੱਚ ਬ੍ਰੇਲ ਵਿੱਚ ਪ੍ਰਾਪਤ ਕੀਤੀ ਮਦਦ-ਪੁਸਤਕਾਂ, ਰਸਾਲਿਆਂ ਅਤੇ ਨਿਊਜ਼ਲੈਟਰਾਂ ਨੂੰ ਪੜ੍ਹਨ ਵਿੱਚ ਮਦਦ ਮਿਲਦੀ ਹੈ।

## ਮਾਲ ਵਿਭਾਗ ਦੀ ਪਹਿਲ ਕਦਮੀ – ਵਿਭਾਗ ਬਕਾਇਆ ਇੰਤਕਾਲ ਕੇਸਾਂ ਦੀ ਰਜਿਸਟ੍ਰੇਸ਼ਨ ਲਈ ਪੰਜਾਬ ਭਰ ਵਿੱਚ 6 ਜਨਵਰੀ ਨੂੰ ਵਿਸ਼ੇਸ ਕੈਂਪ ਲਗਾਏਗਾ

ਵਰਲਡ ਪੰਜਾਬੀ ਟਾਈਮਜ਼



ਚੰਡੀਗੜ੍ਹ, 4 ਜਨਵਰੀ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ‘ਤੇ ਮਾਲ ਵਿਭਾਗ ਨੇ ਨਿਵੇਕਲੀ ਪਹਿਲਕਦਮੀ ਕਰਦਿਆਂ 6 ਜਨਵਰੀ (ਸ਼ਨੀਵਾਰ) ਨੂੰ ਪੰਜਾਬ ਭਰ ਵਿੱਚ ਬਕਾਇਆ ਇੰਤਕਾਲ ਕੇਸਾਂ ਦੇ ਬੈਕਲਾਗ ਦੇ ਹੱਲ ਲਈ ਵਿਸ਼ੇਸ਼ ਕੈਂਪ ਲਗਾਏਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਮਾਲ ਮੰਤਰੀ ਸ੍ਰੀ ਬ੍ਰਹਮ ਸ਼ੰਕਰ ਜਿੰਪਾ ਨੇ ਦੱਸਿਆ ਕਿ ਮਾਲ ਵਿਭਾਗ ਦੀਆਂ ਸੇਵਾਵਾਂ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਇੱਕ ਵੱਡਾ ਕਦਮ ਚੁੱਕਦਿਆਂ ਅਧਿਕਾਰੀ ਤੇ ਕਰਮਚਾਰੀ 6 ਜਨਵਰੀ ਨੂੰ ਛੁੱਟੀ ਵਾਲੇ ਦਿਨ ਪੰਜਾਬ ਭਰ ਦੇ ਮਾਲ ਦਫ਼ਤਰਾਂ ਵਿੱਚ ਹਾਜ਼ਰ ਰਹਿਣਗੇ। ਬਕਾਇਆ ਮਿਊਟੇਸ਼ਨਾਂ ਨੂੰ ਰਜਿਸਟਰ ਕਰਨ ਲਈ।

ਜਿੰਪਾ ਨੇ ਲੋਕਾਂ ਨੂੰ ਇਸ ਵਿਸ਼ੇਸ਼ ਕੈਂਪ ਦਾ ਲਾਭ ਉਠਾਉਣ ਦੀ ਅਪੀਲ ਕਰਦਿਆਂ ਭਰੋਸਾ ਦਿਵਾਇਆ ਕਿ ਅਧਿਕਾਰੀਆਂ ਨੂੰ ਲੋਕਾਂ ਦੀ ਅਸੁਵਿਧਾ ਨੂੰ ਘੱਟ ਕਰਦੇ ਹੋਏ, ਸਮਾਗਮ ਦੌਰਾਨ ਸਾਰੇ ਬਕਾਇਆ ਇੰਤਕਾਲਾਂ ਨੂੰ ਤੁਰੰਤ ਰਜਿਸਟਰ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ।

ਪ੍ਰਕਿਰਿਆ ਨੂੰ ਤੇਜ਼ ਕਰਨ ਲਈ ਆਪਣੀ ਵਚਨਬੱਧਤਾ ਨੂੰ ਉਜਾਗਰ ਕਰਦੇ ਹੋਏ, ਜਿੰਪਾ ਨੇ ਕਿਹਾ ਕਿ ਉਹ ਇੱਕ ਪਰਿਭਾਸ਼ਿਤ ਸਮਾਂ-ਸੀਮਾ ਦੇ ਅੰਦਰ ਕੰਮ ਨੂੰ ਪੂਰਾ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਬਕਾਇਆ ਮਿਊਟੇਸ਼ਨਾਂ ਦੇ ਨਿਪਟਾਰੇ ਦੀ ਸਰਗਰਮੀ ਨਾਲ ਨਿਗਰਾਨੀ ਕਰ ਰਿਹਾ ਹੈ

## ਸੁਖਪਾਲ ਖਹਿਰਾ ਨੂੰ ਇੱਕ ਦਿਨ ਦੇ ਪੁਲਿਸ ਰਿਮਾਂਡ ‘ਤੇ ਭੇਜਿਆ

ਵਰਲਡ ਪੰਜਾਬੀ ਟਾਈਮਜ਼



ਚੰਡੀਗੜ੍ਹ, 4 ਜਨਵਰੀ: ਸੀਨੀਅਰ ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਖ਼ਿਲਾਫ਼ ਦਰਜ ਕੀਤੀ ਤਾਜ਼ਾ ਐਫਆਈਆਰ ਵਿੱਚ ਕਪੂਰਥਲ ਅਦਾਲਤ ਨੇ ਇੱਕ ਦਿਨ ਦਾ ਪੁਲੀਸ ਰਿਮਾਂਡ ਦੇ ਦਿੱਤਾ ਹੈ। ਦੱਸਣਯੋਗ ਹੈ ਕਿ ਅੱਜ ਸੁਖਪਾਲ ਖਹਿਰਾ ਨੂੰ ਐਨਡੀਪੀਐਸ ਕੇਸ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੋਂ ਜ਼ਮਾਨਤ ਮਿਲ ਗਈ ਹੈ।

## ਐੱਸਬੀਆਰਐਸ ਗੁਰੂਕੁਲ ਦੇ ਵਿਹੜੇ ‘ਚ ਨਵੇਂ ਸਾਲ ਮੌਕੇ ਲੱਗੀਆਂ ਰੌਣਕਾਂ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ




ਕੋਟਕਪੂਰਾ, 4 ਜਨਵਰੀ : ਨਵੇਂ ਸਾਲ ਦਾ ਉਤਸ਼ਾਹ ਹਰ ਕਿਸੇ ਵਿੱਚ ਦੇਖਣ ਨੂੰ ਮਿਲਦਾ ਹੈ, ਇਸੇ ਉਤਸ਼ਾਹ ਅਤੇ ਚਾਅ ਨੂੰ ਧਿਆਨ ‘ਚ ਰੱਖਦੇ ਹੋਏ ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਾਨ ਧਵਨ ਕੁਮਾਰ ਜੀ ਨੇ ਐੱਸ.ਬੀ.ਆਰ.ਐੱਸ. ਗੁਰੂ ਕੁਲ ਸਕੂਲ ‘ਚ ਸਾਰੇ ਅਧਿਆਪਕਾਂ ਨਾਲ ਮਿਲ ਕੇ ਬਹੁਤ ਧੂਮ-ਧਾਮ ਨਾਲ ਨਵੇਂ ਸਾਲ ਦਾ ਜਸ਼ਨ ਮਨਾਇਆ, ਸਭ ਤੋਂ ਪਹਿਲਾਂ ਦਿਵਯ ਜਯੋਤੀ ਜਗਾ ਕੇ ਦਿਨ ਦੀ ਸ਼ੁਰੂਆਤ ਕੀਤੀ ਗਈ। ਡਾਇਰੈਕਟਰ ਪ੍ਰਿੰਸੀਪਲ ਧਵਨ ਕੁਮਾਰ ਜੀ ਘਰ ਵਾਲਿਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਗਈਆਂ। ਉਸ ਤੋਂ ਬਾਅਦ ਸਾਰੇ ਅਧਿਆਪਕਾਂ ਨੇ ਸਹੁੰ ਚੁੱਕਣ ਦੀ ਰਸਮ ਅਦਾ ਕੀਤੀ। ਅਧਿਆਪਕਾਂ ਦੇ ਮਨੋਰੰਜਨ ਲਈ ਇੱਕ ਮਿੰਟ ਵਾਲੀਆਂ ਖੇਡਾਂ ਵੀ ਕਰਵਾਈਆਂ ਗਈਆਂ। ਜਿੱਤਣ ਵਾਲੇ ਅਧਿਆਪਕਾਂ ਨੂੰ ਇਨਾਮ ਵੀ ਦਿੱਤੇ ਗਏ। ਸਕੂਲ ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਾਨ ਧਵਨ ਕੁਮਾਰ ਜੀ ਨੇ ਤੋਹਫੇ ਦੇ ਕੇ ਸੁਭਕਾਮਨਾਵਾਂ ਦਿੱਤੀਆਂ ਉਹਨਾਂ ਵੱਲੋਂ ਸਵੇਰ ਦੇ ਨਾਸ਼ਤੇ ਅਤੇ ਰਾਤ ਦੇ ਖਾਣੇ ਦਾ ਪ੍ਰਬੰਧ ਵੀ ਕੀਤਾ ਗਿਆ ਸੀ। ਸਾਰੇ ਅਧਿਆਪਕਾਂ ਨੇ ਮਿਲ ਕੇ ਓਪਨ ਡਾਂਸ ਵੀ ਕੀਤਾ ਅਤੇ ਨਵੇਂ ਸਾਲ ਦੀ ਸ਼ੁਰੂਆਤ ਬਹੁਤ ਹੀ ਵਧੀਆ ਅਤੇ ਖ਼ੁਸ਼ਨੁਮਾ ਤਰੀਕੇ ਨਾਲ ਕੀਤੀ।

## ‘ਹਿੱਟ ਐਂਡ ਰਨ’ ਕਾਨੂੰਨ ਦੇ ਵਿਰੋਧ ‘ਚ ਉੱਤਰੇ ਪੀਆਰਟੀਸੀ ਦੇ ਕੱਚੇ ਕਾਮੇ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 4 ਜਨਵਰੀ : ਕੇਂਦਰ ਸਰਕਾਰ ਵੱਲੋਂ ਲਿਆਂਦੇ ‘ਹਿੱਟ ਐਂਡ ਰਨ’ ਕਨੂੰਨਾਂ ਦਾ ਟਰਾਂਸਪੋਰਟਰਾਂ ਵਲੋਂ ਜੰਮ ਕੇ ਵਿਰੋਧ ਕੀਤਾ ਜਾ ਗਿਆ ਹੈ, ਉਧਰ ਡਰਾਈਵਰ ਭਾਈਚਾਰੇ ਵੱਲੋਂ ਵੀ ਇਨ੍ਹਾਂ ਕਨੂੰਨਾਂ ਖਿਲਾਫ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। ਅੱਜ ਪੀ.ਆਰ.ਟੀ.ਸੀ. ਕੱਚੇ ਮੁਲਾਜ਼ਮਾਂ ਦੀ ਜਥੇਬੰਦੀ ਵੱਲੋਂ ਦਿੱਤੀ ਕਾਲ ਤਹਿਤ ਪੰਜਾਬ ਦੇ ਸਮੁੱਚੇ ਬੱਸ ਅੱਡਿਆ ’ਤੇ ਤਿੰਨ ਘੰਟੇ ਲਈ ਗੇਟ ਰੈਲੀ ਕਰ ਕੰਮਕਾਜ ਠੱਪ ਰੱਖਿਆ, ਜਿਸ ਦੇ ਚੱਲਦੇ ਕਰੀਬ ਤਿੰਨ ਘੰਟੇ ਕੰਟਰੈਕਟ ਕਰਮਚਾਰੀਆਂ ਵੱਲੋਂ ਸਰਕਾਰੀ ਬੱਸਾਂ ਨੂੰ ਸੜਕ ’ਤੇ ਨਹੀਂ ਉਤਾਰਿਆ ਗਿਆ। ਫਰੀਦਕੋਟ ਬਸ ਸਟੈਂਡ ’ਤੇ ਵੀ ਅੱਜ ਪੀਆਰਟੀਸੀ ਕੱਚੇ ਮੁਲਾਜ਼ਮਾਂ ਵੱਲੋਂ ਗੇਟ ਰੈਲੀ ਕਰਕੇ ਇਨ੍ਹਾਂ ਕਨੂੰਨਾ ਦਾ ਵਿਰੋਧ ਕਰਦੇ ਹੋਏ ਜਲਦ ਇਨ੍ਹਾਂ ਨੂੰ ਵਾਪਿਸ ਲੈਣ ਦੀ ਮੰਗ ਕੀਤੀ। ਇਸ ਮੌਕੇ ਮੁਲਾਜ਼ਮ ਆਗੂਆਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਜੋ ਕਨੂੰਨ ਲਿਆਂਦਾ ਗਿਆ, ਇਸ ਦਾ ਵੱਡਾ ਨੁਕਸਾਨ ਡਰਾਈਵਰ ਨੂੰ ਹੋਵੇਗਾ, ਕਿਉਂਕਿ ਮਹਿਜ਼ 10 ਤੋਂ 12 ਹਜ਼ਾਰ ਤਨਖ਼ਾਹ ਲੈਣ ਵਾਲਾ ਇਨ੍ਹਾਂ ਜੁਰਮਾਨਾ ਕਿਵੇ ਭੜ ਸਕੇਗਾ, ਦੂਜੇ ਪਾਸੇ ਕਈ ਵਾਰ ਉਸਨੂੰ ਪਬਲਿਕ ਤੋਂ ਆਪਣੀ ਜਾਨ ਬਚਾਉਣ ਲਈ ਮੌਕੇ ਤੋਂ ਭੱਜਣਾ ਪੈਂਦਾ ਹੈ ਅਤੇ ਕਈ ਵਾਰ ਉਸਦੀ ਗਲਤੀ ਵੀ ਨਹੀਂ ਹੁੰਦੀ, ਫਿਰ ਵੀ ਵੱਡੀ ਗੱਡੀ ਵਾਲੇ ਨੂੰ ਹੀ ਕਸੂਰਵਾਰ ਮੰਨਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕਨੂੰਨਾ ਨੂੰ ਵਾਪਿਸ ਕਰਵਾਉਣ ਲਈ ਅਸ਼ੀ ਸੰਘਰਸ਼ ਜਾਰੀ ਰੱਖਾਂਗੇ।

## ਉੱਘੇ ਲੇਖਕ ਮਹਿੰਦਰ ਸੂਦ ਵਿਰਕ ਨੂੰ ਕਲਮਾਂ ਦਾ ਕਾਫ਼ਲਾ ਸਾਹਿਤਕ ਮੰਚ ਵਲੋਂ ਕੀਤਾ ਗਿਆ ਸਨਮਾਨਿਤ-

ਵਰਲਡ ਪੰਜਾਬੀ ਟਾਈਮਜ਼

ਉੱਘੇ ਲੇਖਕ ਮਹਿੰਦਰ ਸੂਦ ਵਿਰਕ ਨੂੰ ਕਲਮਾਂ ਦਾ ਕਾਫ਼ਲਾ ਸਾਹਿਤਕ ਮੰਚ ਵੱਲੋਂ 01 ਜਨਵਰੀ 2024 ਦਿਨ ਸੋਮਵਾਰ ਨੂੰ ਕਰਵਾਏ ਗਏ ਕਵੀ ਦਰਬਾਰ ਵਿੱਚ ਸ਼ਾਮਿਲ ਹੋਣ ਅਤੇ ਖੂਬਸੂਰਤ ਰਚਨਾ “ਆਪਸੀ ਸਾਂਝ ਤੋਂ ਵਗੈਰ” ਦੀ ਸਾਂਝ ਪਾਉਣ ਲਈ ਲੇਖਕ ਮਹਿੰਦਰ ਸੂਦ ਵਿਰਕ ਨੂੰ “ਪੰਜਾਬੀ ਕਵੀ” ਵਜੋਂ ਸਨਮਾਨ ਪੱਤਰ ਭੇਟ ਕਰਕੇ ਸਨਮਾਨਿਤ ਗਿਆ। ਲੇਖਕ ਸੂਦ ਵਿਰਕ ਨੇ ਕਲਮਾਂ ਦਾ ਕਾਫ਼ਲਾ ਸਾਹਿਤਕ ਮੰਚ ਦੇ ਸਰਪ੍ਰਸਤ ਗੁਰਜੀਤ ਕੌਰ ਅਜਨਾਲਾ ਅਤੇ ਸੰਚਾਲਕ ਰਣਵੀਰ ਸਿੰਘ ਪ੍ਰਿੰਸ ਦਾ ਧੰਨਵਾਦ ਆਪਣੇ ਪਹਿਲੇ ਕਾਵਿ ਸੰਗ੍ਰਿਹ “ਸੱਚ ਦਾ ਹੋਕਾ” ਵਿਚੋਂ ਕੁੱਝ ਸਤਰਾਂ ਸੁਣਾਉਂਦੇ ਹੋਏ ਕੀਤਾ।

ਸੱਚ ਦਾ ਹੋਕਾ ਦੇਣ ਵਾਲੇ
ਕੁੱਝ ਵਿਰਲੇ ਹੀ ਹੁੰਦੇ ਨੇ।।
ਸਮਾਜ ਨੂੰ ਸੇਧ ਦੇਣ ਵਾਲੇ
ਸੱਚੀ ਰੱਬ ਦੇ ਬੰਦੇ ਹੁੰਦੇ ਨੇ।।




## ਪੰਜਾਬ ਸਰਕਾਰ ਨੇ ਮਾਘੀ ਮੇਲੇ ਦੌਰਾਨ ਘੋੜਸਵਾਰ ਗਤੀਵਿਧੀਆਂ ਨੂੰ ਮਨਜ਼ੂਰੀ ਦੇ ਦਿੱਤੀ ਹੈ

### ਸ੍ਰੀ ਮੁਕਤਸਰ ਸਾਹਿਬ ਵਿਖੇ ਹੋਣ ਵਾਲੇ ਮਾਘੀ ਮੇਲੇ ਵਿੱਚ ਹੁਸ਼ਿਆਰਪੁਰ ਨੂੰ ਛੱਡ ਕੇ ਸੂਬੇ ਭਰ ਦੇ ਘੋੜਾ ਮਾਲਕ ਭਾਗ ਲੈ ਸਕਦੇ ਹਨ: ਗੁਰਮੀਤ ਸਿੰਘ ਖੁੱਡੀਆਂ

ਵਰਲਡ ਪੰਜਾਬੀ ਟਾਈਮਜ਼
ਨਵਜੋਤ ਪਨੈਚ ਢੀਂਡਸਾਂ



ਸ੍ਰੀ ਮੁਕਤਸਰ ਸਾਹਿਬ 4 ਜਨਵਰੀ: ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਘੋੜਿਆਂ ਦੇ ਮਾਲਕਾਂ ਅਤੇ ਬਰੀਡਰਾਂ ਨੂੰ ਆਗਾਮੀ ਮਾਘੀ ਮੇਲੇ ਦੌਰਾਨ ਸ੍ਰੀ ਮੁਕਤਸਰ ਸਾਹਿਬ ਵਿਖੇ 9 ਤੋਂ 16 ਜਨਵਰੀ ਤੱਕ ਸਲਾਨਾ ਘੋੜਿਆਂ ਦੀਆਂ ਗਤੀਵਿਧੀਆਂ ਆਯੋਜਿਤ ਕਰਨ ਲਈ ਹਰੀ ਝੰਡੀ ਦੇ ਦਿੱਤੀ ਹੈ।

ਖਾਸ ਤੌਰ 'ਤੇ, ਛੂਤ ਵਾਲੀ ਅਤੇ ਜ਼ੂਨੋਟਿਕ ਗਲੈਂਡਰਜ਼ ਬਿਮਾਰੀ ਦੇ ਫੈਲਣ ਤੋਂ ਬਾਅਦ ਅਤੇ ਗਲੈਂਡਰਜ਼ ਲਈ ਨੈਸ਼ਨਲ ਐਕਸ਼ਨ ਪਲਾਨ (ਜੀਓਆਈ) ਦੇ ਦਿਸ਼ਾ-ਨਿਰਦੇਸ਼ਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਰਾਜ ਸਰਕਾਰ ਨੇ ਮਈ 2023 ਵਿੱਚ ਸਮਾਨ ਅੰਦੋਲਨਾਂ ਅਤੇ ਗਤੀਵਿਧੀਆਂ 'ਤੇ ਪਾਬੰਦੀ ਲਗਾ ਦਿੱਤੀ ਸੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਅੰਮ੍ਰਿਤਸਰ, ਬਠਿੰਡਾ, ਲੁਧਿਆਣਾ ਅਤੇ ਹੁਸ਼ਿਆਰਪੁਰ ਸਮੇਤ ਜ਼ਿਲ੍ਹਿਆਂ ਤੋਂ ਘੋੜਿਆਂ ਵਿੱਚ ਗਲੈਂਡਰ ਦੀ ਬਿਮਾਰੀ ਫੈਲਣ ਦੀਆਂ ਰਿਪੋਰਟਾਂ ਮਿਲੀਆਂ ਸਨ, ਜਿਸ ਕਾਰਨ ਸੂਬਾ ਸਰਕਾਰ ਨੇ ਘੋੜਿਆਂ ਦੀ ਆਵਾਜਾਈ ’ਤੇ ਪਾਬੰਦੀ ਲਗਾ ਦਿੱਤੀ ਸੀ। ਅਤੇ ਗਤੀਵਿਧੀਆਂ।

ਉਨ੍ਹਾਂ ਕਿਹਾ, “ਅੰਮ੍ਰਿਤਸਰ, ਬਠਿੰਡਾ ਅਤੇ ਲੁਧਿਆਣਾ ਜ਼ਿਲ੍ਹਿਆਂ ਵਿੱਚ ਨਿਗਰਾਨੀ ਦੌਰਾਨ ਗਲੈਂਡਰਜ਼ ਦੇ ਜ਼ੀਰੋ ਸਕਾਰਾਤਮਕ ਕੇਸਾਂ ਤੋਂ ਬਾਅਦ, ਰਾਜ ਸਰਕਾਰ ਨੇ ਪਾਬੰਦੀ ਹਟਾਉਣ ਦਾ ਫੈਸਲਾ ਕੀਤਾ ਹੈ, ਜਿਸ ਨਾਲ ਘੋੜਾ ਮਾਲਕਾਂ ਨੂੰ ਮਾਘੀ ਮੇਲੇ ਦੌਰਾਨ ਹਿੱਸਾ ਲੈਣ ਦੀ ਆਗਿਆ ਦਿੱਤੀ ਗਈ ਹੈ,” ਉਸਨੇ ਅੱਗੇ ਕਿਹਾ, ਹਾਲਾਂਕਿ, ਘੋੜਾ ਮਾਲਕ ਹੁਸ਼ਿਆਰਪੁਰ ਇਸ ਮੇਲੇ ਵਿੱਚ ਹਿੱਸਾ ਨਹੀਂ ਲੈ ਸਕਦਾ ਕਿਉਂਕਿ ਇੱਥੇ ਟੈਸਟਿੰਗ ਚੱਲ ਰਹੀ ਹੈ।

ਖੁਡੀਆਂ ਨੇ ਕਿਹਾ ਕਿ ਦਿਲਚਸਪੀ ਰੱਖਣ ਵਾਲੇ ਘੋੜਿਆਂ ਦੇ ਮਾਲਕਾਂ ਨੂੰ ਸਾਰੇ ਭਾਗ ਲੈਣ ਵਾਲੇ ਸਮਾਨ ਦੀ ਗਲੈਂਡਰ ਟੈਸਟਿੰਗ ਦੀ ਨਕਾਰਾਤਮਕ ਰਿਪੋਰਟ ਜਾਂ ਤਾਂ NRDDL ਜਲੰਧਰ ਤੋਂ ਜਾਂ NRCE ਹਿਸਾਰ ਤੋਂ ਜਾਂ ਕਿਸੇ ਰਾਜ ਦੁਆਰਾ ਪ੍ਰਵਾਨਿਤ ਡਾਇਗਨੌਸਟਿਕ ਲੈਬ ਤੋਂ ਯਕੀਨੀ ਬਣਾਉਣੀ ਪਵੇਗੀ ਅਤੇ ਇਹ ਘਟਨਾ ਦੇ ਦਿਨ ਤੋਂ 30 ਦਿਨ ਪਹਿਲਾਂ ਨਹੀਂ ਹੋਣੀ ਚਾਹੀਦੀ।

## ਮੈੜ ਰਾਜਪੂਤ ਸਭਾ ਮੁਹਾਲੀ ਨੇ ਲੰਗਰ ਲਗਾਇਆ

### ਸੈਂਕੜੇ ਲੋਕਾਂ ਨੇ ਬੜੀ ਸ਼ਰਧਾ ਭਾਵਨਾ ਨਾਲ ਲੰਗਰ ਛਕਿਆ

ਵਰਲਡ ਪੰਜਾਬੀ ਟਾਈਮਜ਼
ਹਰਦੇਵ ਚੌਹਾਨ



ਚੰਡੀਗੜ੍ਹ, 4 ਜਨਵਰੀ : ਮੈੜ ਰਾਜਪੂਤ ਸਭਾ ਮੁਹਾਲੀ ਵੱਲੋਂ ਬਰਾਦਰੀ ਦੇ ਮਹਾਨ ਸ਼ਹੀਦ ਭਾਈ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ ਲੰਗਰ ਲਗਾਇਆ ਗਿਆ । 30 ਅਕਤੂਬਰ 1922 ਨੂੰ ਪੰਜਾ ਸਾਹਿਬ ਵਿਖੇ ਭੁੱਖੇ ਪਿਆਸੇ ਨਿਰਦੋਸ਼ ਸਿੰਘਾਂ ਨੂੰ ਅੰਗਰੇਜ਼ ਸਰਕਾਰ ਜਬਰੀ ਕੈਦ ਕਰਕੇ ਅੰਮ੍ਰਿਤਸਰ ਤੋਂ ਅਟਕ ਲਿਜਾ ਰਹੀ ਸੀ। ਉਨਾਂ ਨੂੰ ਲੰਗਰ ਛਕਾਉਣ ਲਈ ਸਰਕਾਰ ਨੂੰ ਬੇਨਤੀ ਕੀਤੀ ਪਰ ਓਨਾਂ ਨੇ ਪੰਜਾ ਸਾਹਿਬ ਰੇਲ ਗੱਡੀ ਰੋਕਣ ਤੋਂ ਮਨਾ ਕਰ ਦਿੱਤਾ ਤਾਂ ਭਾਈ ਪ੍ਰਤਾਪ ਸਿੰਘ ਜੀ ਨੇ ਆਪਣੀ ਜਾਨ ਦੀ ਕੁਰਬਾਨੀ ਦੇ ਕੇ ਗੱਡੀ ਰੁਕਵਾਈ ਅਤੇ ਨਿਰਦੋਸ਼ ਸਿੰਘਾਂ ਨੂੰ ਲੰਗਰ ਛਕਾਇਆ। ਓਹਨਾ ਨੂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹੋਏ ਅੱਜ ਫੇਜ 7 ਮੁਹਾਲੀ ਵਿਖੇ ਲੰਗਰ ਲਗਾਇਆ।

ਇਸ ਸ਼ੁੱਭ ਕਾਰਜ ਵਿਚ ਮੈੜ੍ਹ ਰਾਜਪੂਤ ਸਭਾ ਮੁਹਾਲੀ ਵੱਲੋਂ ਹਰਭਜਨ ਸਿੰਘ ਪ੍ਰਧਾਨ, ਪਰਮਜੀਤ ਸਿੰਘ ਸੂਰੀ, ਗੁਰਦਿਆਲ ਸਿੰਘ, ਸਰਬਜੀਤ ਸਿੰਘ, ਪਰਮਜੀਤ ਸਿੰਘ ਜੌੜਾ, ਦਰਸ਼ਨ ਸਿੰਘ, ਗੁਰਮੀਤ ਸਿੰਘ, ਕੁਲਵਿੰਦਰ ਕੌਰ, ਅਵਤਾਰ ਸਿੰਘ,ਸਤਨਾਮ ਸਿੰਘ, ਜੰਗੀ ਲਾਲ ਵਰਮਾ, ਕੁਲਵੰਤ ਸਿੰਘ, ਸ ਕ ਹੰਸ ਤੇ ਮਨਮੋਹਨ ਸਿੰਘ ਹਾਜਰ ਹੋਏ। ਇਹ ਲੰਗਰ ਸੈਂਕੜੇ ਲੋਕਾਂ ਨੇ ਬੜੀ ਸ਼ਰਧਾ ਭਾਵਨਾ ਨਾਲ ਛਕਿਆ।

## ਐਮ.ਐਲ.ਏ ਫਰੀਦਕੋਟ ਸ. ਸੇਖੋਂ ਨੇ ਸੰਗਰਾਹੂਰ ਵਿਖੇ ਨਵੇ ਸਥਾਪਤ ਕੀਤੇ ਗਏ 11 ਕੇ.ਵੀ. ਮੁੰਮਾਰਾ ਏ.ਪੀ. ਬਰੇਕਰ ਦਾ ਕੀਤਾ ਉਦਘਾਟਨ

ਵਰਲਡ ਪੰਜਾਬੀ ਟਾਈਮਜ਼
ਧਰਮ ਪ੍ਰਵਾਨਾਂ

ਫ਼ਰੀਦਕੋਟ 04 ਜਨਵਰੀ: ਐਮ.ਐਲ.ਏ ਹਲਕਾ ਫਰੀਦਕੋਟ ਸ. ਗੁਰਦਿੱਤ ਸਿੰਘ ਸੇਖੋ. ਨੇ ਅੱਜ 66 ਕੇ.ਵੀ ਸਬ ਸਟੇਸ਼ਨ ਸੰਗਰਾਹੂਰ ਵਿਖੇ ਨਵੇ ਸਥਾਪਤ ਕੀਤੇ ਗਏ 11 ਕੇ.ਵੀ ਮੁੰਮਾਰਾ ਏ ਪੀ ਬਰੇਕਰ ਦਾ ਉਦਘਾਟਨ ਕੀਤਾ। ਇਸ ਮੌਕੇ ਬੋਲਦਿਆਂ ਉਹਨਾਂ ਕਿਹਾ ਕਿ ਪਿੰਡ ਮੁਮਾਰਾ, ਡੋਡ, ਚੱਕ ਸਾਹੂ ਆਦਿ ਦੇ ਨਿਵਾਸੀਆਂ ਦੀ ਲੰਮੇ ਸਮੇਂ ਤੋਂ ਵੱਖਰਾ ਫੀਡਰ ਖਿਚ ਕੇ ਏ ਪੀ ਬਿਜਲੀ ਸਪਲਾਈ ਦੇਣ ਦੀ ਮੰਗ ਸੀ। ਜਿਸ ਨੂੰ ਅੱਜ ਪੂਰਾ ਕੀਤਾ ਗਿਆ ਹੈ।ਇਸ ਮੌਕੇ ਸ੍ਰੀ ਗੁਰਤੇਜ ਸਿੰਘ ਖੋਸਾ ਚੇਅਰਮੈਨ ਇੰਮਪੁਰਵਮੈਂਟ ਟਰੱਸਟ ਫਰੀਦਕੋਟ, ਸ੍ਰੀ ਅਮਨਦੀਪ ਸਿੰਘ ਚੇਅਰਮੈਨ ਮਾਰਕੀਟ ਕਮੇਟੀ ਫਰੀਦਕੋਟ, ਸ੍ਰੀ ਰਮਨਦੀਪ ਸਿੰਘ ਮੁਮਾਰਾ ਚੇਅਰਮੈਨ ਮਾਰਕੀਟ ਕਮੇਟੀ ਸਾਦਿਕ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।




ਸ. ਸੇਖੋਂ ਨੇ ਦੱਸਿਆ ਕਿ ਇਸ ਤੋਂ ਪਹਿਲਾਂ ਇਹ 11 ਕੇਵੀਂ ਮੁਮਾਰਾ ਫੀਡਰ 11 ਕੇਵੀ ਚੱਕ ਸ਼ਾਹੂ ਏ ਪੀ ਫੀਡਰ ਦੇ ਬਰੇਕਰ ਨਾਲ ਚੱਲਦਾ ਸੀ ਜਿਸ ਕਰਕੇ ਕਿਸੇ ਵੀ ਫੀਡਰ ਵਿਚ ਨੁਕਸ ਪੈਣ ਦੀ ਸੂਰਤ ਵਿਚ ਬਹੁਤ ਜਿਆਦਾ ਏਰੀਏ ਦੀ ਬਿਜਲੀ ਸਪਲਾਈ ਪ੍ਰਭਾਵਿਤ ਹੋ ਜਾਂਦੀ ਸੀ। ਇਹ ਨਵਾਂ ਬਰੇਕਰ ਲਗਾਉਣ ਨਾਲ ਪਿੰਡ ਡੋਡ, ਮੁਮਾਰਾ, ਚੱਕ ਸਾਹੂ, ਸਿਮਰੇਵਾਲਾ ਪਿੰਡਾਂ ਦੇ ਖੇਤੀਬਾੜੀ ਨਾਲ ਸਬੰਧਤ ਬਿਜਲੀ ਸਪਲਾਈ ਵਿਚ ਬਹੁਤ ਜਿਆਦਾ ਸੁਧਾਰ ਹੋ ਜਾਵੇਗਾ। ਇਸ ਨਵੇ ਬਰੇਕਰ ਅਤੇ ਫੀਡਰ ਨੂੰ ਉਸਾਰਨ ਲਈ ਲੱਗਭੱਗ ਮਹਿਕਮੇ ਦਾ 17 ਲੱਖ ਰੁਪਏ ਖਰਚਾ ਆਇਆ ਹੈ।

ਉਹਨਾਂ ਕਿਹਾ ਕਿ ਪੰਜਾਬ ਸਰਕਾਰ ਦਿਨ ਰਾਤ ਲੋਕਾਂ ਨੂੰ ਹਰ ਤਰ੍ਹਾਂ ਦੀਆਂ ਸਹੂਲਤਾਂ ਦੇਣ ਲਈ ਕੰਮ ਕਰ ਰਹੀ ਹੈ।

ਇਸ ਮੌਕੇ ਜਗਜੀਤ ਸਿੰਘ ਪੀ.ਏ ਐਮ.ਐਲ.ਏ ਫਰੀਦਕੋਟ, ਰੁਪਿੰਦਰ ਸਿੰਘ ਟੋਨੀ ਪਿੰਡ ਸੰਗਰਾਹੂਰ,, ਹਰਨੇਕ ਸਿੰਘ ਸੰਗਰਾਹੂਰ, ਕਿੱਕਰ ਸਿੰਘ ਚੱਕ ਸਾਹੂ, ਜਸਦੇਵ ਪਾਲ ਸਿੰਘ ਚੱਕ ਸਾਹੂ, ਉਤਮ ਸਿੰਘ ਡੋਡ, ਨਿਰਮਲ ਸਿੰਘ ਰਾਜਵਿੰਦਰ ਸਿੰਘ, ਸੁਖਦੇਵ ਸਿੰਘ ਕੁਲਦੀਪ ਸਿੰਘ,ਲਖਵੀਰ ਸਿੰਘ ਤੋਂ ਇਲਾਵਾ ਪੀ.ਐਸ.ਪੀ.ਸੀ ਐਲ ਹਲਕਾ ਫਰੀਦਕੋਟ ਦੇ ਉਪ ਮੁੱਖ ਇੰਜੀਨੀਅਰ ਇੰਜ: ਸੰਦੀਪ ਗਰਗ, ਸੀਨੀਅਰ ਕਾਰਜਕਾਰੀ ਇੰਜੀਨੀਅਰ ਵੰਡ ਮੰਡਲ ਫਰੀਦਕੋਟ ਇੰਜ ਹਰਜਿੰਦਰ ਸਿੰਘ, ਇੰਜ: ਹਰਿੰਦਰ ਸਿੰਘ ਚਹਿਲ ਵਧੀਕ ਨਿਗਰਾਨ ਇੰਜੀਨੀਅਰ ਓ ਐਂਡ ਐਮ ਕੋਟਕਪੂਰਾ, ਇੰਜ: ਸੰਤੋਖ ਸਿੰਘ ਉਪ ਮੰਡਲ ਅਫਸਰ ਸਾਦਿਕ, ਇੰਜ: ਸੁਖਬੀਰ ਸਿੰਘ ਐਸ ਐਸ ਈ ਫਰੀਦਕੋਟ, ਸ੍ਰੀ ਸੁਖਦੇਵ ਸਿੰਘ ਜੇ.ਈ ਸਾਦਿਕ, ਸ੍ਰੀ ਜਗਤਾਰ ਸਿੰਘ ਜੇਈ ਸਾਦਿਕ ਅਤੇ ਸਮੂਹ ਗਰਿਡ ਸਟਾਫ ਸੰਗਰਾਹੂਰ ਆਦਿ ਹਾਜ਼ਰ ਸਨ।

## ਬੇਪਰਵਾਹੀਆਂ ਤੇਰੀਆਂ




ਕੈਸੀਆਂ ਬੇਪਰਵਾਹੀਆਂ ਤੇਰੀਆਂ, ਕੈਸੀਆਂ ਬੇਪਰਵਾਹੀਆਂ।
ਕਿਸੇ ਨੂੰ ਦੇਵੇਂ ਤਾਜ-ਤਖ਼ਤ, ਤੇ ਕਿਸੇ ਨੂੰ ਟੰਗੇਂ ਫ਼ਾਹੀਆਂ।
ਸਾਰੀ ਦੁਨੀਆਂ ਤੇਰੇ ਵੱਸ ਹੈ, ਤੂੰ ਹੈਂ ਵੱਸੋਂ ਬਾਹਰ।
ਕਿਸੇ ਨੂੰ ਗੁਪਤ ਰਖੇਂਦਾ ਦਾਤਿਆ, ਕਿਸੇ ਨੂੰ ਕਰਦੈਂ ਜ਼ਾਹਰ।
ਤੇਰੇ ਭਾਣੇ ਵਿੱਚ ਸੂਰਜ ਚੰਦ ਨੇ, ਤੇਰੇ ਭਾਣੇ ਲੋਕਾਈ।
ਸੁਖੀ ਰਹਿੰਦਾ ਉਹ ਬੰਦਾ, ਜੋ ਚੱਲਦਾ 'ਹੁਕਮ ਰਜ਼ਾਈ’।
ਬਾਬੇ ਨਾਨਕ ਦੱਸਿਆ, ਤੈਨੂੰ ਪਾਉਣ ਦਾ ਇੱਕੋ ਮੰਤਰ।
ਮੂਲਮੰਤਰ ਵਿੱਚ ਲੁਕੇ ਨੇ ਸਾਰੇ, ਜੰਤਰ ਤੇ ਸਭ ਤੰਤਰ।
ਭਉ ਤੇ ਭਾਉ ਰੱਖਦਾ ਜਿਹੜਾ, ਉਸੇ ਨੂੰ ਰੱਬ ਮਿਲਦਾ।
ਟੇਕ ਰੱਖੀਏ ਇੱਕੋ ਤੇ, ਉਸੇ ਦਾ ਹਿਰਦਾ ਖਿਲਦਾ।
ਦਿਲ ਨਾ ਕਿਸੇ ਦਾ ਤੋੜੋ, ਦਿਲ ਹੁੰਦਾ ਹੈ ਘਰ ਰੱਬ ਦਾ।
ਓਹੀ’ ਰੱਖੇ, 'ਓਹੀ’ ਮਾਰੇ, 'ਓਹ’ ਹੈ ਮਾਲਕ ਸਭ ਦਾ।

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

